# ਆਪਣੀ ਊਰਜਾ ਦੀ ਲਾਗਤ 'ਤੇ ਬੱਚਤ ਕਰੋ ਅਤੇ ਵਾਤਾਵਰਣ ਨੂੰ ਬਚਾਉਣ ਵਿੱਚ ਮੱਦਦ ਕਰੋ

ਵਿਕਟੋਰੀਅਨ ਐਨਰਜੀ ਅੱਪਗਰੇਡ (VEU) ਪ੍ਰੋਗਰਾਮ ਦੇ ਨਾਲ, ਤੁਸੀਂ ਛੋਟ ਵਾਲੇ ਊਰਜਾ-ਕੁਸ਼ਲ ਉਤਪਾਦਾਂ ਤੱਕ ਪਹੁੰਚ ਕਰ ਸਕਦੇ ਹੋ ਅਤੇ ਆਪਣੇ ਊਰਜਾ ਬਿੱਲਾਂ 'ਤੇ ਬੱਚਤ ਕਰ ਸਕਦੇ ਹੋ।



Punjabi | ਪੰਜਾਬੀ

## Victorian Energy Efficiency Target (ਵਿਕਟੋਰੀਅਨ ਐਨਰਜੀ ਐਫੀਸ਼ੈਂਸੀ ਟਾਰਗੇਟ) ਸਕੀਮ ਖਪਤਕਾਰ ਤੱਥ ਪੱਤਰ

**VEU ਵਿਕਟੋਰੀਆ ਸਰਕਾਰ ਦੀ ਸਵੈਇੱਛਕ ਤੌਰ 'ਤੇ ਸ਼ੁਰੂ ਕੀਤੀ ਗਈ ਪਹਿਲਕਦਮੀ ਹੈ ਜੋ ਵਿਕਟੋਰੀਆ ਵਾਸੀਆਂ ਨੂੰ ਉਹਨਾਂ ਦੇ ਘਰਾਂ ਅਤੇ ਕਾਰੋਬਾਰਾਂ ਵਿੱਚ ਊਰਜਾ-ਕੁਸ਼ਲ ਸੁਧਾਰ ਕਰਨ ਲਈ ਹੱਲਾਸ਼ੇਰੀ (ਲਾਭ) ਪ੍ਰਦਾਨ ਕਰਦੀ ਹੈ। ਇਹ ਬਿਜਲੀ ਦੇ ਬਿੱਲਾਂ ਨੂੰ ਘਟਾਉਣ ਅਤੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਮੱਦਦ ਕਰਦੀ ਹੈ।**

### ਯੋਗਤਾ

ਵਿਕਟੋਰੀਆ ਦਾ ਹਰੇਕ ਪਰਿਵਾਰ ਅਤੇ ਕਾਰੋਬਾਰ ਇਸ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਦਾ ਹੈ ਅਤੇ ਉਹ ਛੋਟ ਵਾਲੇ ਊਰਜਾ-ਕੁਸ਼ਲ ਉਤਪਾਦਾਂ ਅਤੇ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹਨ। **ਤੁਹਾਡੀ ਭਾਗੀਦਾਰੀ ਸਵੈਇੱਛਤ ਹੈ।**

### ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਆਸਾਨ ਹੈ

**ਕਦਮ 1** ਇਸ ਲਈ ਉਪਲਬਧ ਉਤਪਾਦਾਂ ਨੂੰ ਦੇਖੋ।

**ਕਦਮ 2** ਉਹ ਉਤਪਾਦ ਚੁਣੋ ਜੋ ਤੁਸੀਂ ਆਪਣੇ ਊਰਜਾ ਖ਼ਰਚਿਆਂ ਨੂੰ ਘਟਾਉਣ ਲਈ ਲਗਵਾਉਣਾ ਚਾਹੁੰਦੇ ਹੋ।

**ਕਦਮ 3** ਕਿਸੇ ਮਾਨਤਾ ਪ੍ਰਾਪਤ ਪ੍ਰਦਾਤਾ ਨਾਲ ਰਾਬਤਾ ਕਰੋ। ਤੁਹਾਨੂੰ ਮਾਨਤਾ ਪ੍ਰਾਪਤ ਪ੍ਰਦਾਤਾ ਨਾਲ ਕੰਮ ਕਰਨ ਦੀ ਲੋੜ ਹੈ ਜੋ VEU ਊਰਜਾ-ਕੁਸ਼ਲ ਉਤਪਾਦਾਂ ਨੂੰ ਲਗਾਉਣ ਲਈ ਅਧਿਕਾਰਤ ਹੈ। ਮਾਨਤਾ ਪ੍ਰਾਪਤ ਪ੍ਰਦਾਤਾ ਤੁਹਾਡੇ ਦੁਆਰਾ ਲਗਵਾਉਣ ਲਈ ਚੁਣੇ ਗਏ ਕਿਸੇ ਵੀ ਉਤਪਾਦ ਲਈ ਛੋਟ ਜਾਂ ਰੀਬੇਟ ਦਾ ਪ੍ਰਬੰਧ ਕਰਨ ਲਈ ਵੀ ਜ਼ਿੰਮੇਵਾਰ ਹਨ। ਉਹ ਤੁਹਾਨੂੰ ਦੱਸਣਗੇ ਕਿ:

- ਤੁਸੀਂ ਕਿਹੜੇ ਉਤਪਾਦ ਵਰਤ ਸਕਦੇ ਹੋ
- ਤੁਹਾਡੇ ਦੁਆਰਾ ਚੁਣੇ ਗਏ ਉਤਪਾਦਾਂ ਨੂੰ ਕੌਣ ਲਗਾ ਸਕਦਾ ਹੈ।

### ਉਪਲਬਧ ਉਤਪਾਦਾਂ ਜਾਂ ਮਾਨਤਾ ਪ੍ਰਾਪਤ ਪ੍ਰਦਾਤਾਵਾਂ ਨੂੰ ਲੱਭਣ ਲਈ

VEU ਹੈਲਪਡੈਸਕ ਨੂੰ (03) 9032 1310 'ਤੇ ਫ਼ੋਨ ਕਰੋ
ਕਿਸੇ ਊਰਜਾ ਅੱਪਗਰੇਡ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ 1 ਦਬਾਓ। ਇਸ ਵਿਕਲਪ ਨਾਲ ਜੋੜੇ ਜਾਣ ਤੋਂ ਬਾਅਦ,0 ਦਬਾਓ।

ਬੋਲ਼ੇ, ਗੂੰਗੇ ਜਾਂ ਬਹਿਰੇ?
ਕਿਰਪਾ ਕਰਕੇ National Relay Service (ਨੈਸ਼ਨਲ ਰੀਲੇਅ ਸਰਵਿਸ) ਨਾਲ 133 677 ਜਾਂ www.relayservice.gov.au 'ਤੇ ਸੰਪਰਕ ਕਰੋ

Victorian Energy Upgrades

VICTORIA State Government

## VEU ਰਾਹੀਂ ਆਪਣੇ ਊਰਜਾ ਬਿੱਲਾਂ 'ਤੇ ਬੱਚਤ ਕਰੋ

| | ਘਰਾਂ ਲਈ | ਕਾਰੋਬਾਰਾਂ ਲਈ |
|---|---|---|
| **ਮੌਜੂਦਾ ਪ੍ਰਤੀ ਸਾਲ ਹੋਣ ਵਾਲੀ ਬੱਚਤ** | ਅੱਪਗਰੇਡ/ਡਾਂ 'ਤੇ ਨਿਰਭਰ ਕਰਦੇ ਹੋਏ, ਔਸਤ ਪਰਿਵਾਰ ਪ੍ਰਤੀ ਸਾਲ 120 ਡਾਲਰ ਤੋਂ ਲੈ ਕੇ 1,100 ਡਾਲਰ ਤੱਕ ਊਰਜਾ ਖ਼ਰਚ ਦੀ ਬੱਚਤ ਕਰ ਸਕਦਾ ਹੈ। | ਤੁਹਾਡੇ ਕਾਰੋਬਾਰ ਦੇ ਆਕਾਰ ਅਤੇ ਅੱਪਗਰੇਡ/ਡਾਂ 'ਤੇ ਨਿਰਭਰ ਕਰਦੇ ਹੋਏ, ਤੁਸੀਂ ਪ੍ਰਤੀ ਸਾਲ 500 ਡਾਲਰ ਤੋਂ ਲੈ ਕੇ 74,000 ਡਾਲਰ ਤੱਕ ਦੇ ਵਿਚਕਾਰ ਬੱਚਤ ਕਰ ਸਕਦੇ ਹੋ। |

## VEU ਪ੍ਰੋਗਰਾਮ ਅਧੀਨ ਤੁਹਾਡੇ ਅਧਿਕਾਰ

**ਇਸ VEU ਪ੍ਰੋਗਰਾਮ ਵਿੱਚ ਖ਼ਪਤਕਾਰਾਂ ਦੀ ਸੁਰੱਖਿਆ ਦੇ ਉਦੇਸ਼ ਲਈ ਵਿਵਹਾਰ ਦੇ ਘੱਟੋ-ਘੱਟ ਮਾਪਦੰਡ ਨਿਰਧਾਰਤ ਕਰਨ ਲਈ ਇੱਕ Code of Conduct (ਜਾਬਤਾ) ਲਾਗੂ ਹੈ। ਇਹ ਅੱਪਗ੍ਰੇਡਾਂ ਨੂੰ ਡਿਲੀਵਰ ਕਰਨ ਜਾਂ ਮਾਰਕੀਟਿੰਗ ਕਰਨ ਵਿੱਚ ਸ਼ਾਮਲ ਹਰ ਇੱਕ 'ਤੇ ਲਾਗੂ ਹੁੰਦੇ ਹਨ।**

### ਮਾਰਕੀਟਿੰਗ ਗਤੀਵਿਧੀਆਂ

ਜੇਕਰ ਕੋਈ ਮਾਨਤਾ ਪ੍ਰਾਪਤ ਪ੍ਰਦਾਤਾ ਜਾਂ ਉਹਨਾਂ ਵਲੋਂ ਇਸਨੂੰ ਚਲਾਉਣ ਵਾਲੀ ਤੀਜੀ ਧਿਰ ਇਸ VEU ਪ੍ਰੋਗਰਾਮ ਬਾਰੇ ਤੁਹਾਡੇ ਨਾਲ ਸੰਪਰਕ ਕਰਦੀ ਹੈ ਤਾਂ ਉਹਨਾਂ ਨੂੰ ਲਾਜ਼ਮੀ ਤੌਰ 'ਤੇ:

- VEU ਪ੍ਰੋਗਰਾਮ ਅੱਪਗ੍ਰੇਡਾਂ ਨੂੰ ਤੁਹਾਨੂੰ ਸਿਰਫ਼ ਤਾਂ ਹੀ ਪ੍ਰਚਾਰਨਾ/ਵੇਚਣਾ ਚਾਹੀਦਾ ਹੈ ਜੇਕਰ ਤੁਸੀਂ 18 ਸਾਲ ਤੋਂ ਵੱਧ ਉਮਰ ਦੇ ਹੋ ਅਤੇ ਪ੍ਰਦਾਨ ਕੀਤੀ ਜਾਣਕਾਰੀ ਨੂੰ ਸਮਝਣ ਦੇ ਯੋਗ ਹੋ
- ਇਹ ਸਮਝਾਉਣਾ ਚਾਹੀਦਾ ਹੈ ਕਿ ਪ੍ਰੋਗਰਾਮ ਸਵੈਇੱਛਤ ਹੈ ਅਤੇ ਤੁਹਾਡੇ ਉਪਰ ਇਸ ਵਿੱਚ ਹਿੱਸਾ ਲੈਣ ਦੀ ਪਾਬੰਦੀ ਨਹੀਂ ਹੈ
- ਇਹ ਸਮਝਾਉਣਾ ਚਾਹੀਦਾ ਹੈ ਕਿ ਉਹਨਾਂ ਨੂੰ ਤੁਹਾਡਾ ਪਤਾ ਕਿਵੇਂ ਮਿਲਿਆ ਅਤੇ ਉਹ ਤੁਹਾਡੇ ਘਰ ਜਾਂ ਕਾਰੋਬਾਰ ਵਿੱਚ ਕਿਉਂ ਆ ਰਹੇ ਹਨ
- ਇਹ ਦੱਸਣਾ ਚਾਹੀਦਾ ਹੈ ਕਿ ਉਹ ਕਿਸ ਕਾਰੋਬਾਰ ਲਈ ਕੰਮ ਕਰਦੇ ਹਨ
- ਹਮੇਸ਼ਾ ਸ਼ਨਾਖਤੀ ਪੱਤਰ ਪਹਿਨਣਾ ਚਾਹੀਦਾ ਹੈ ਜਿਸ ਵਿੱਚ ਫੋਟੋ, ਉਹਨਾਂ ਦਾ ਪੂਰਾ ਨਾਮ, ਸੰਪਰਕ ਵੇਰਵੇ, ABN, ਅਤੇ ਮੁੱਖ ਠੇਕੇਦਾਰ ਦੇ ਵੇਰਵੇ ਸ਼ਾਮਲ ਹੋਣ।
- ਉਤਪਾਦਾਂ ਜਾਂ ਸੇਵਾਵਾਂ ਨੂੰ ਵੇਚਣ ਜਾਂ ਪ੍ਰਚਾਰਨ ਲਈ ਉੱਚ-ਦਬਾਅ ਵਾਲੀਆਂ ਰਣਨੀਤੀਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।
- ਪ੍ਰਦਾਨ ਕੀਤੇ ਜਾ ਰਹੇ ਸਮਾਨ ਜਾਂ ਸੇਵਾਵਾਂ ਅਤੇ ਉਹਨਾਂ ਦੀ ਅਨੁਕੂਲਤਾ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ-
- ਅਜਿਹੀਆਂ ਗੱਲਾਂ ਨਾ ਕਹੀਆਂ ਜਾਣ ਜੋ ਝੂਠੀਆਂ ਜਾਂ ਧੋਖਾਧੜੀ ਵਾਲੀਆਂ ਹਨ - ਇਸ ਵਿੱਚ ਇਹ ਸ਼ਾਮਲ ਹੈ ਕਿ ਉਹ ਵਿਕਟੋਰੀਆ ਸਰਕਾਰ ਜਾਂ Essential Services Commission (ਬੁਨਿਆਦੀ ਸੇਵਾਵਾਂ ਕਮਿਸ਼ਨ) ਲਈ ਕੰਮ ਕਰਦੇ ਹਨ, ਜਾਂ ਇਹ ਕਿ ਵਿਕਟੋਰੀਆ ਸਰਕਾਰ ਨੇ ਮਾਰਕੀਟਿੰਗ ਦੇ ਉਦੇਸ਼ਾਂ ਲਈ ਨਿੱਜੀ ਸੰਪਰਕ ਜਾਣਕਾਰੀ (ਜਿਵੇਂ ਕਿ ਫ਼ੋਨ ਨੰਬਰ) ਪ੍ਰਦਾਨ ਕੀਤੀ ਹੈ।

## ਉਪਲਬਧ ਉਤਪਾਦਾਂ ਜਾਂ ਮਾਨਤਾ ਪ੍ਰਾਪਤ ਪ੍ਰਦਾਤਾਵਾਂ ਨੂੰ ਲੱਭਣ ਲਈ

VEU ਹੈਲਪਡੈਸਕ ਨੂੰ **(03) 9032 1310** 'ਤੇ ਫ਼ੋਨ ਕਰੋ
ਕਿਸੇ ਊਰਜਾ ਅੱਪਗਰੇਡ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ 1 ਦਬਾਓ।
ਇਸ ਵਿਕਲਪ ਨਾਲ ਜੋੜੇ ਜਾਣ ਤੋਂ ਬਾਅਦ,0 ਦਬਾਓ।

**ਬੋਲ਼ੇ, ਗੂੰਗੇ ਜਾਂ ਬਹਿਰੇ?**
ਕਿਰਪਾ ਕਰਕੇ National Relay Service (ਨੈਸ਼ਨਲ ਰੀਲੇਅ ਸਰਵਿਸ) ਨਾਲ 133 677 ਜਾਂ www.relayservice.gov.au 'ਤੇ ਸੰਪਰਕ ਕਰੋ

Victorian Energy Upgrades

VICTORIA State Government

## VEU ਪ੍ਰੋਗਰਾਮ ਅਧੀਨ ਤੁਹਾਡੇ ਅਧਿਕਾਰ *ਜਾਰੀ ਹਨ*

### ਇਕਰਾਰਨਾਮੇ

ਜੇਕਰ ਤੁਸੀਂ ਕਿਸੇ ਮਾਨਤਾ ਪ੍ਰਾਪਤ ਪ੍ਰਦਾਤਾ ਨਾਲ ਜਾਂ ਉਹਨਾਂ ਵੱਲੋਂ ਕੰਮ ਕਰ ਰਹੀ ਕਿਸੇ ਤੀਜੀ ਧਿਰ ਨਾਲ ਕੰਮ ਕਰ ਰਹੇ ਹੋ, ਤਾਂ ਉਹਨਾਂ ਨੂੰ ਲਾਜ਼ਮੀ ਤੌਰ 'ਤੇ:

- ਸਿਰਫ਼ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕਿਸੇ ਵਿਅਕਤੀ ਨਾਲ ਹੀ ਇਕਰਾਰਨਾਮਾ ਕਰਨਾ ਚਾਹੀਦਾ ਹੈ
- ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਕੀਤੇ ਜਾਣ ਵਾਲੇ ਕਿਸੇ ਵੀ ਕੰਮ ਬਾਰੇ ਦੱਸਦੇ ਹਨ ਅਤੇ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਤੁਸੀਂ ਇਸ ਨੂੰ ਸਮਝਦੇ ਹੋ
- VEU ਪ੍ਰੋਗਰਾਮ ਦੇ ਅਧੀਨ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ, ਨਾਲ ਹੀ ਉਹਨਾਂ ਦੁਆਰਾ ਪੇਸ਼ ਕੀਤੇ ਜਾ ਰਹੇ ਅੱਪਗ੍ਰੇਡ ਅਤੇ ਇਕਰਾਰਨਾਮੇ ਬਾਰੇ। ਇਸ ਇਕਰਾਰਨਾਮੇ ਵਿੱਚ ਉਸ ਉਤਪਾਦ/ਸੇਵਾ, ਅੰਦਾਜ਼ਨ ਕੀਮਤ ਅਤੇ ਕੋਈ ਵਾਧੂ ਫੀਸਾਂ, ਪਹਿਲਾਂ ਲੱਗੀਆਂ ਚੀਜ਼ਾਂ ਨੂੰ ਲਾਹੁਣ ਦੀਆਂ ਪ੍ਰਕਿਰਿਆਵਾਂ, ਅਤੇ ਕੂਲਿੰਗ-ਆਫ਼ ਪੀਰੀਅਡਾਂ (ਬਿਨ੍ਹਾਂ ਜ਼ੁਰਮਾਨੇ ਦੇ ਇਕਰਾਰਨਾਮੇ ਨੂੰ ਰੱਦ ਕਰਨ ਦੇ ਸਮੇਂ) ਦਾ ਵੇਰਵਾ ਹੋਣਾ ਚਾਹੀਦਾ ਹੈ
- ਤੁਹਾਨੂੰ ਇਸ ਬਾਰੇ ਦੱਸਣਾ ਚਾਹੀਦਾ ਹੈ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਕਿਸੇ ਵੀ ਕੰਮ ਨੂੰ ਉਨ੍ਹਾਂ ਵੱਲੋਂ ਸ਼ੁਰੂ ਕਰਨ ਤੋਂ ਪਹਿਲਾਂ ਸਮਝਦੇ ਹੋ
- ਜੇਕਰ ਤੁਸੀਂ ਕਿਸੇ ਉਤਪਾਦ ਜਾਂ ਸੇਵਾ ਨਾਲ ਅੱਗੇ ਵਧਣ ਦੀ ਚੋਣ ਕਰਦੇ ਹੋ ਤਾਂ ਇਹ ਦੱਸਣਾ ਚਾਹੀਦਾ ਹੈ ਕਿ ਅੱਪਗ੍ਰੇਡ ਕੌਣ ਲਗਾ ਰਿਹਾ ਹੈ
- ਅੱਪਗ੍ਰੇਡ ਲਗਾਉਣ ਵਾਲੇ ਵਿਅਕਤੀ ਜਾਂ ਕੰਪਨੀ ਨਾਲ ਸੰਪਰਕ ਕਰਨ ਲਈ ਤੁਹਾਨੂੰ ਇੱਕ ਫ਼ੋਨ ਨੰਬਰ ਪ੍ਰਦਾਨ ਕਰਨਾ ਚਾਹੀਦਾ ਹੈ।

### ਕੰਮ ਸ਼ੁਰੂ ਕਰਨਾ

ਜਦੋਂ ਕਿਸੇ ਮਾਨਤਾ ਪ੍ਰਾਪਤ ਪ੍ਰਦਾਤਾ ਜਾਂ ਉਹਨਾਂ ਵੱਲੋਂ ਕੰਮ ਕਰ ਰਹੀ ਕਿਸੇ ਤੀਜੀ ਧਿਰ ਨਾਲ ਕੰਮ ਸ਼ੁਰੂ ਕਰਦੇ ਹੋ, ਤਾਂ ਉਹਨਾਂ ਨੂੰ ਲਾਜ਼ਮੀ ਤੌਰ 'ਤੇ:

- ਸਿਰਫ਼ ਉਦੋਂ ਹੀ ਕੰਮ ਸ਼ੁਰੂ ਕਰਨਾ ਚਾਹੀਦਾ ਹੈ ਜਦੋਂ ਤੁਸੀਂ ਆਪਣੀ ਸਹਿਮਤੀ ਦੇ ਦਿੰਦੇ ਹੋ
- ਕੋਈ ਵੀ ਕੰਮ ਸ਼ੁਰੂ ਨਹੀਂ ਕਰਨਾ ਚਾਹੀਦਾ ਜੇਕਰ ਉਹਨਾਂ ਨੇ ਤੁਹਾਨੂੰ ਉਸ ਕੰਮ ਦੇ ਵੇਰਵਿਆਂ ਬਾਰੇ ਸੂਚਿਤ ਨਹੀਂ ਕੀਤਾ ਹੈ। ਇਸ ਵਿੱਚ ਸਮਾਂ ਅਤੇ ਮਿਤੀ, ਲਗਾਏ ਜਾਣ ਵਾਲੇ ਉਤਪਾਦ/ਸੇਵਾ, ਅਤੇ ਉਹ ਕੰਮ ਕਰਨ ਵਾਲੇ ਵਿਅਕਤੀ ਦੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ, ਜਿਵੇਂ ਕਿ ਉਹਨਾਂ ਦਾ ਮਾਨਤਾ ਪ੍ਰਾਪਤ ਪ੍ਰਦਾਤਾ ਅਤੇ ਸੰਪਰਕ ਵੇਰਵੇ
- ਸਿਰਫ਼ 18 ਸਾਲ ਤੋਂ ਵੱਧ ਉਮਰ ਦੇ ਕਿਸੇ ਵਿਅਕਤੀ ਨਾਲ ਗੱਲ ਕਰਨੀ ਚਾਹੀਦੀ ਹੈ
- ਕੰਮ ਪੂਰਾ ਹੋਣ ਤੋਂ ਬਾਅਦ, ਉਹਨਾਂ ਦੇ ਸੰਪਰਕ ਵੇਰਵੇ ਦੇਣੇ ਚਾਹੀਦੇ ਹਨ ਤਾਂ ਜੋ ਤੁਸੀਂ ਲੋੜ ਪੈਣ 'ਤੇ ਉਹਨਾਂ ਨਾਲ ਸੰਪਰਕ ਕਰ ਸਕੋ।
- ਤੁਹਾਨੂੰ ਵਿਵਾਦ ਨਿਪਟਾਰਾ ਜਾਣਕਾਰੀ ਅਤੇ ਲਗਾਏ ਉਤਪਾਦ/ਸੇਵਾਵਾਂ ਲਈ ਕੋਈ ਹਦਾਇਤਾਂ ਅਤੇ ਵਾਰੰਟੀ ਜਾਣਕਾਰੀ ਦੇਣੀ ਚਾਹੀਦੀ ਹੈ।

## ਕੀ ਤੁਸੀਂ ਸਾਡੇ ਨਾਲ VEU ਪ੍ਰੋਗਰਾਮ ਬਾਰੇ ਗੱਲ ਕਰਨਾ ਚਾਹੁੰਦੇ ਹੋ?

ਕਿਰਪਾ ਕਰਕੇ **(03) 9032 1310** 'ਤੇ ਫ਼ੋਨ ਕਰੋ ਜਾਂ ਸਾਨੂੰ **veu@esc.vic.gov.au** 'ਤੇ ਈਮੇਲ ਕਰੋ

### ਇੱਕ ਖ਼ਪਤਕਾਰ ਵਜੋਂ ਆਪਣੇ ਅਧਿਕਾਰਾਂ ਲਈ ਹੋਰ ਕਿੱਥੇ ਜਾਣਾ ਹੈ?

ਜੇਕਰ ਤੁਸੀਂ ਟੈਲੀਮਾਰਕੀਟਿੰਗ ਕਾਲਾਂ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ ਤਾਂ ਤੁਸੀਂ **Do Not Call register (ਡੂ ਨਾਟ ਕਾਲ ਰਜਿਸਟਰ)** 'ਤੇ ਸਾਈਨ ਅੱਪ ਕਰ ਸਕਦੇ ਹੋ, ਜੋ ਕਿਸੇ ਛੋਟ-ਮੁਕਤ ਆਸਟ੍ਰੇਲੀਆਈ ਜਾਂ ਵਿਦੇਸ਼ੀ ਟੈਲੀਮਾਰਕੀਟਰ ਲਈ ਤੁਹਾਡੇ ਨਾਲ ਸੰਪਰਕ ਕਰਨਾ ਗੈਰ-ਕਾਨੂੰਨੀ ਬਣਾਉਂਦਾ ਹੈ। .

**www.donotcall.gov.au/** 'ਤੇ ਜਾਓ ਜਾਂ **1300 792 958** **'ਤੇ ਫ਼ੋਨ ਕਰੋ।**

**ਜੇਕਰ ਤੁਹਾਡੇ ਕੋਲ ਝੂਠੇ ਜਾਂ ਗੁੰਮਰਾਹਕੁੰਨ ਦਾਅਵਿਆਂ, ਟੈਲੀਮਾਰਕੀਟਿੰਗ ਜਾਂ ਦਰਵਾਜ਼ਾ ਖੜਕਾ ਕੇ ਪ੍ਰਚਾਰ ਕਰਨ ਵਾਲਿਆਂ ਬਾਰੇ ਸ਼ਿਕਾਇਤ ਹੈ, ਤਾਂ** Consumer Affairs Victoria (ਕੰਜ਼ਿਊਮਰ ਅਫ਼ੇਅਰਜ਼ ਵਿਕਟੋਰੀਆ) ਨਾਲ ਸੰਪਰਕ ਕਰੋ।

**www.consumer.vic.gov.au/contact-us** 'ਤੇ ਜਾਓ ਜਾਂ **131 450** **'ਤੇ ਫ਼ੋਨ ਕਰੋ।**

Victorian Energy Upgrades

ਵਿਕਟੋਰੀਅਨ ਐਨਰਜੀ ਅੱਪਗਰੇਡ ਪ੍ਰੋਗਰਾਮ ਲਈ Code of Conduct (ਜਾਬਤਾ) ਦੇ ਤਹਿਤ ਖ਼ਪਤਕਾਰਾਂ ਨੂੰ ਇਹ ਤੱਥ ਸ਼ੀਟ ਦੇਣ ਦੀ ਲੋੜ ਹੁੰਦੀ ਹੈ।

VICTORIA State Government